# ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
## (ਰਿਣ-2 ਸ਼ਾਖਾ)

ਵੱਲ,

1. ਚੀਫ ਆਡੀਟਰ,
   ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ੍ਹ।

2. ਸਮੂਹ ਸੰਯੁਕਤ ਰਜਿਸਟਰਾਰ/ਉਪ ਰਜਿਸਟਰਾਰ/ਸਹਾਇਕ ਰਜਿਸਟਰਾਰ,
   ਸਹਿਕਾਰੀ ਸਭਾਵਾਂ, ਪੰਜਾਬ ਰਾਜ ਵਿਚ।

ਮੀਮੋ ਨੰ: ਰਸਸ/ਰਿਣ-2/ਸੀ.ਈ.ਏ.3/167
ਮਿਤੀ: 21/06/2024

ਵਿਸ਼ਾ: ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਅਤੇ ਬਹੁਮੰਤਵੀ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਕੰਮ-ਕਾਰ ਸਬੰਧੀ।

---

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਵਿਆਪਕ ਵਿਚਾਰ-ਵਟਾਂਦਰੇ ਅਤੇ ਸਲਾਹ ਤੋਂ ਬਾਅਦ ਇਹ ਪਾਇਆ ਗਿਆ ਕਿ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਅਤੇ ਬਹੁਮੰਤਵੀ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਸਹਿਕਾਰਤਾ ਲਹਿਰ ਵਿਚ ਅੱਗੇ ਵਧਣ ਅਤੇ ਸਮੱਰਥ ਅਤੇ ਯੋਗ ਬਣਨ ਲਈ ਆਪਣੇ ਮਾਮਲਿਆਂ ਦਾ ਪ੍ਰਬੰਧਨ ਆਪ ਕਰਨ ਦੀ ਲੋੜ ਹੈ। ਇਸ ਮਾਮਲੇ ਵਿਚ ਸਭਾਵਾਂ ਦੀ ਪੂਰੀ ਖੁਦਮੁਖਤਿਆਰੀ ਹੋਣੀ ਚਾਹੀਦੀ ਹੈ ਬਸ਼ਰਤੇ ਉਹ ਕੁਝ ਬੁਨਿਆਦੀ ਮਾਪਦੰਡਾਂ ਨੂੰ ਪੂਰਾ ਕਰਦੀਆਂ ਹੋਣ। ਸਭਾ ਦੇ ਕਰਮਚਾਰੀ ਸਭਾ ਦੇ ਮੁਲਾਜ਼ਮ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਸੇਵਾ ਦੀਆਂ ਸ਼ਰਤਾਂ ਸਭਾ ਦੇ ਆਰਥਿਕ ਹਾਲਾਤ ਨੂੰ ਧਿਆਨ ਵਿੱਚ ਰੱਖ ਕੇ ਤੈਅ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਜੇਕਰ ਸਭਾ ਦੇ ਵਿੱਤੀ ਹਾਲਾਤ ਚੰਗੇ ਹਨ ਅਤੇ ਸਭਾ ਉਨ੍ਹਾਂ ਦੀ ਤਨਖਾਹ ਅਤੇ ਹੋਰ ਸੇਵਾ ਦੀਆਂ ਸ਼ਰਤਾਂ ਸਰਕਾਰ ਵਾਲੀਆਂ ਹੀ ਦੇਣੀਆਂ ਚਾਹੁੰਦੀ ਹੈ ਤਾਂ ਸਰਕਾਰੀ ਹਦਾਇਤਾਂ ਨੂੰ ਅਪਣਾ ਕੇ ਇਹ ਕੰਮ ਕੀਤਾ ਜਾ ਸਕਦਾ ਹੈ ਪਰੰਤੂ ਇਹ ਫੈਸਲਾ ਸਭਾ ਦਾ ਹੀ ਹੋਵੇਗਾ ਤੇ ਸਰਕਾਰ ਦੀਆਂ ਹਦਾਇਤਾਂ ਤੇ ਸੇਵਾ ਸ਼ਰਤਾਂ ਆਟੋਮੈਟਿਕ ਤੌਰ ਤੇ ਸਭਾ ਦੇ ਕਰਮਚਾਰੀਆਂ ਤੇ ਲਾਗੂ ਨਹੀਂ ਹੋਣਗੀਆਂ।

ਇਸ ਸਬੰਧ ਵਿਚ ਸਭਾ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵੱਲੋ ਹੇਠ ਲਿਖਿਆਂ ਹਦਾਇਤਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ:-

1. ਸਭਾ ਵਿਚ ਕਰਮਚਾਰੀਆਂ ਦੀ ਭਰਤੀ ਕਰਨ ਸਮੇਂ ਸਭਾ ਦੀ ਪ੍ਰਬੰਧਕ ਕਮੇਟੀ ਵੱਲੋ ਸਟਾਫਿੰਗ ਪੈਟਰਨ ਸਬੰਧੀ ਜਾਰੀ ਪੱਤਰ ਨੰ: ਰਸਸ/ਰਿਣ-2/ਸੀ.ਈ.ਏ.4/ਸੇਵਾਨਿਯਮ 1997/747 ਮਿਤੀ 21.06.2021 ਦੀ ਪਾਲਣਾ ਯਕੀਨੀ ਬਣਾਏਗੀ। ਜੇਕਰ ਕਿਸੇ ਸਮੇਂ/ਸ਼ੀਜਨ ਵਿਚ ਸਭਾ ਨੂੰ ਸਟਾਫ ਸਟਰੈਂਥ ਨਾਲੋ ਜਿਆਦਾ ਕਰਮਚਾਰੀਆਂ ਦੀ ਜਰੂਰਤ ਪੈਂਦੀ ਹੈ ਤਾਂ ਸਭਾ ਕਿਸੇ ਵਿਸ਼ੇਸ਼ ਮੰਤਵ ਲਈ ਆਪਣੇ ਪੱਧਰ ਤੇ ਕੁੱਝ ਸਮੇਂ ਲਈ ਪ੍ਰਵਾਨਿਤ ਸਟਾਫ ਤੋਂ ਜਿਆਦਾ ਕਰਮਚਾਰੀ ਰੱਖ ਸਕਦੀ ਹੈ ਬਸ਼ਰਤੇ ਸਭਾ ਬਾਕੀ ਮਹੀਨਿਆਂ ਵਿਚ ਘੱਟ ਕਰਮਚਾਰੀਆਂ ਨੂੰ ਨੋਕਰੀ ਤੇ ਰੱਖੇ ਤਾਂ ਜੋ ਪ੍ਰਵਾਨਿਤ Man Months ਦੀ ਸੀਮਾ ਦੀ ਉਲੰਘਣਾ ਨਾ ਹੋਵੇ। ਉਦਾਹਰਣ ਦੇ ਤੌਰ ਤੇ ਜੇਕਰ ਕਿਸੇ ਸਭਾ ਵਿਚ 02 ਕਰਮਚਾਰੀ ਪ੍ਰਵਾਨਿਤ ਹਨ ਤਾਂ ਇਸ ਤਰ੍ਹਾਂ ਇਕ ਸਾਲ ਵਿਚ ਉਸ ਸਭਾ ਕੋਲ 24 Man Months ਪ੍ਰਵਾਨਿਤ ਬਣਦੇ ਹਨ। ਜੇਕਰ ਕਿਸੇ ਵਿਸ਼ੇਸ਼ ਮੰਤਵ ਲਈ ਸਭਾ ਨੂੰ ਕੁੱਝ ਸਮੇਂ ਲਈ 02 ਤੋਂ ਜਿਆਦਾ ਕਰਮਚਾਰੀਆਂ ਦੀ ਜਰੂਰਤ ਹੈ ਤਾਂ ਸਭਾ 1 ਜਾਂ 2 ਮਹੀਨੇ ਲਈ 02 ਤੋ ਜਿਆਦਾ ਕਰਮਚਾਰੀ ਰੱਖ ਸਕਦੀ ਹੈ ਪਰੰਤੂ ਫਿਰ ਸਭਾ ਨੂੰ ਉਸ ਸਾਲ ਦੇ ਬਕਾਇਆ ਮਹੀਨਿਆਂ ਵਿਚ ਕੁਝ ਸਮੇਂ ਲਈ ਸਿਰਫ 01 ਕਰਮਚਾਰੀ ਨਾਲ ਹੀ ਕੰਮ ਕਰਨਾ ਪਵੇਗਾ ਤਾਂ ਜੋ ਪੂਰੇ ਸਾਲ ਦੇ ਪ੍ਰਵਾਨਿਤ 24 Man Months ਨੂੰ ਮੈਨੇਜ ਕੀਤਾ ਜਾ ਸਕੇ। ਇਸਦਾ ਭਾਵ ਇਹ ਹੈ ਕਿ ਸਭਾ ਵਿਚ ਪੂਰੇ ਸਾਲ ਵਿਚ 24 Man Months ਤੋਂ ਜ਼ਿਆਦਾ ਕਰਮਚਾਰੀ ਕੰਮ ਨਹੀਂ ਕਰਦੇ ਹੋਣੇ ਚਾਹੀਦੇ। ਉਕਤ ਦਰਸਾਏ ਮਿਤੀ 21.06.2021 ਦੇ ਪੱਤਰ ਅਨੁਸਾਰ ਪ੍ਰਵਾਨਿਤ ਸਟਾਫ ਹੇਠ ਅਨੁਸਾਰ ਹੈ-

| ਲੜੀ ਨੰ: | ਕਿਸਮ | ਸਟਾਫ | Man Months |
|---|---|---|---|
| 1 | ਜਿਸ ਸਭਾ ਦੀ ਮੈਂਬਰਾਂ ਵੱਲ ਲੋਨਿੰਗ+ਅਮਾਨਤਾਂ 2.5 ਕਰੋੜ ਤੋਂ ਘੱਟ ਹੋਵੇਗੀ। | ਇਕ ਕਰਮਚਾਰੀ ਜਿਵੇਂ ਕਿ ਸੇਲਜਮੈਨ ਕਮ ਕੈਸ਼ੀਅਰ | 12 |

| | | | |
|---|---|---|---|
| 2 | ਜਿਸ ਸਭਾ ਦੀ ਮੈਂਬਰਾਂ ਵੱਲ ਲੋਨਿੰਗ+ਅਮਾਨਤਾਂ 2.5 ਕਰੋੜ ਜਾਂ ਉਸ ਤੋਂ ਵੱਧ ਹੋਵੇਗੀ। | ਦੋ ਕਰਮਚਾਰੀ ਜਿਵੇਂ ਕਿ ਇੱਕ ਸਕੱਤਰ/ਸੇਲਜਮੈਨ ਕਮ ਕੈਸ਼ੀਅਰ ਅਤੇ ਇਕ ਸੇਵਾਦਾਰ ਕਮ ਚੋਕੀਦਾਰ | 24 |
| 3 | ਜਿਸ ਸਭਾ ਦੀ ਮੈਂਬਰਾਂ ਵੱਲ ਲੋਨਿੰਗ+ਅਮਾਨਤਾਂ 4 ਕਰੋੜ ਜਾਂ ਉਸ ਤੋਂ ਵੱਧ ਹੋਵੇਗੀ। | ਤਿੰਨ ਕਰਮਚਾਰੀ ਜਿਵੇਂ ਕਿ ਇੱਕ ਸਕੱਤਰ, ਇਕ ਸੇਲਜਮੈਨ ਕਮ ਕੈਸ਼ੀਅਰ ਅਤੇ ਇਕ ਸੇਵਾਦਾਰ ਕਮ ਚੋਕੀਦਾਰ | 36 |
| 4 | ਜਿਸ ਸਭਾਵਾਂ ਵਿਚ 5 ਕਰੋੜ ਰੁਪਏ ਤੋਂ ਵੱਧ ਦੀਆਂ ਅਮਾਨਤਾਂ ਹੋਣ। | ਸਭਾਵਾਂ ਵਿਚ ਸਕੱਤਰ, ਸੇਲਜਮੈਨ ਕਮ ਕੈਸ਼ੀਅਰ ਅਤੇ ਇਕ ਸੇਵਾਦਾਰ ਕਮ ਚੋਕੀਦਾਰ ਤੋਂ ਇਲਾਵਾ ਇਨ੍ਹਾਂ ਅਮਾਨਤਾਂ ਦੀ ਪ੍ਰਾਪਤੀ ਅਤੇ ਵਾਪਸੀ ਸਬੰਧੀ ਕੰਮ ਨੂੰ ਵੇਖਣ ਲਈ ਇਕ ਕਰਮਚਾਰੀ ਕਲਰਕ ਡੀ.ਸੀ. ਰੇਟ ਤੇ ਭਰਤੀ ਕਰਨ ਦੀ ਵਿਵਸਥਾ ਹੋਵੇਗੀ। | 48 |

2. ਆਪਣੇ ਪੱਧਰ ਤੇ ਕਰਮਚਾਰੀ ਭਰਤੀ ਕਰਨ ਸਮੇਂ ਸਭਾ ਪੱਤਰ ਨੰ: ਰਸਸ/ਰਿਣ/ਸੀ.ਏ.5/678 ਮਿਤੀ 21.11.2013 ਵਿਚ ਦਰਜ ਯੋਗਤਾਵਾਂ ਅਨੁਸਾਰ ਅੱਜ ਦੇ ਯੁੱਗ ਅਨੁਸਾਰ ਪੇਸ਼ੇਵਾਰ ਅਤੇ ਤਕਨੀਕੀ ਮੁਹਾਰਤ ਹਾਸਿਲ ਕੀਤਾ ਹੋਇਆ ਯੋਗ ਕਰਮਚਾਰੀ ਹੀ ਭਰਤੀ ਕਰੇ ਤਾਂ ਜੋ ਇਸ ਕੰਪੀਟੀਸ਼ਨ ਦੇ ਯੁੱਗ ਵਿਚ ਸਭਾ ਹੋਰ ਅਦਾਰਿਆਂ ਨਾਲ ਕਦਮ ਨਾਲ ਕਦਮ ਮਿਲਾ ਕੇ ਕੰਮ ਕਰ ਸਕੇ।

3. ਸਭਾ ਦੀ ਪ੍ਰਬੰਧਕ ਕਮੇਟੀ ਦੀ ਪੰਜਾਬ ਰਾਜ ਸਹਿਕਾਰੀ ਸੇਵਾ ਸਭਾਵਾਂ ਸਰਵਿਸ ਰੂਲਜ਼, 1997 ਦੀ ਧਾਰਾ 5(ii) ਤਹਿਤ ਦਰਸਾਈਆਂ ਸ਼ਰਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਏਗੀ। ਸਰਵਿਸ ਰੂਲਜ ਦੀ ਧਾਰਾ 5(ii) ਵਿਚ ਹੇਠ ਲਿਖੇ ਅਨੁਸਾਰ ਦਰਸਾਇਆ ਗਿਆ ਹੈ-

No Person shall be directly appointed to the service if he:-

a. is not a citizen of India and is less than 18 years of age and is more than 35 years of age.
b. has been dismissed or removed from service of the Government, Cooperation, Board, Cooperative Society or any other body corporate on the grounds of misconduct or he has been convicted by a Court of Law for an offence involving moral turpitude.
c. is related to any committee members within the meaning of Rules 2(k) of the Rules i.e. "Relative includes any one related to the person concerned, his wife, his son/ daughter or his son's wife or daughter's husband through a common ancestor, not more than a grandfather, or any one married to a person so related." and
d. is an elected member of the committee of a society or a local body including a Panchayat.

4. ਸਭਾ ਦੀ ਪ੍ਰਬੰਧਕ ਕਮੇਟੀ ਵੱਲੋ ਨਵੇਂ ਕਰਮਚਾਰੀ ਦੀ ਭਰਤੀ ਪੰਜਾਬ ਰਾਜ ਸਹਿਕਾਰੀ ਸੇਵਾ ਸਭਾਵਾਂ ਸਰਵਿਸ ਰੂਲਜ਼, 1997 ਵਿਚ ਦਰਜ ਹਦਾਇਤਾਂ ਅਨੁਸਾਰ ਹੀ ਕੀਤੀ ਜਾਵੇਗੀ।

5. ਕਰਮਚਾਰੀ ਦੀ ਚੋਣ ਅਤੇ ਭਰਤੀ ਦੀਆਂ ਸ਼ਰਤਾਂ ਲਈ ਪ੍ਰਬੰਧਕ ਕਮੇਟੀ ਜਿੰਮੇਵਾਰ ਹੋਵੇਗੀ ਪਰੰਤੂ ਸਭਾ ਵਿਚ ਨਵੇਂ ਕਰਮਚਾਰੀ ਦੀ ਭਰਤੀ ਸਭਾ ਦੇ ਦਫ਼ਤਰ ਵਿਚ ਇੰਚਾਰਜ ਨਿਰੀਖਕ ਦੀ ਹਾਜਰੀ ਵਿਚ ਕੀਤੀ ਜਾਵੇਗੀ। ਇੰਚਾਰਜ ਨਰੀਖਕ ਨਿਯਮਾਂ ਅਨੁਸਾਰ ਚੋਣ ਪ੍ਰਕਿਰਿਆ ਪੂਰੇ ਹੋਣ ਸਬੰਧੀ ਇਕ ਰਿਪੋਰਟ ਸਬੰਧਤ ਸਹਾਇਕ ਰਜਿਸਟਰਾਰ ਨੂੰ ਭੇਜੇਗਾ।

6. ਸਭਾ ਦੀ ਪ੍ਰਬੰਧਕ ਕਮੇਟੀ ਵੱਲੋ ਇਹ ਧਿਆਨ ਵਿਚ ਰੱਖਿਆ ਜਾਵੇ ਕਿ ਸਭਾ ਵਿਚ ਭਰਤੀ ਕੀਤੇ ਜਾਣ ਵਾਲਾ ਕਰਮਚਾਰੀ ਭਾਰਤ ਦਾ ਨਿਵਾਸੀ ਹੋਵੇ ਅਤੇ ਉਹ ਵਿਅਕਤੀ ਕਿਸੇ ਹੋਰ ਦੇਸ਼ ਦਾ Permanent Resident/ਨਾਗਰਿਕ ਨਾ ਹੋਵੇ।

7. ਸਭਾ ਦੀ ਪ੍ਰਬੰਧਕ ਕਮੇਟੀ ਵੱਲੋ ਇਹ ਧਿਆਨ ਵਿਚ ਰੱਖਿਆ ਜਾਵੇ ਕਿ ਸਭਾ ਵਿਚ ਭਰਤੀ ਕੀਤੇ ਜਾਣ ਵਾਲਾ ਵਿਅਕਤੀ ਸਭਾ ਦੇ ਦਾਇਰਾ (Area of Operation) ਦਾ ਨਿਵਾਸੀ ਹੋਵੇ।

8. ਸਭਾ ਦੀ ਪ੍ਰਬੰਧਕ ਕਮੇਟੀ ਵੱਲੋ ਜੇਕਰ ਐਕਟ/ਰੂਲਾਂ/ਹਦਾਇਤਾਂ/ਨਿਯਮਾਂ ਦੇ ਉਲਟ ਜਾ ਕੇ ਕੋਈ ਭਰਤੀ ਕੀਤੀ ਜਾਂਦੀ ਹੈ ਤਾਂ ਇਸਦੇ ਖਿਲਾਫ ਜਿਲ੍ਹੇ ਦੇ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ਕੋਲ ਸ਼ਿਕਾਇਤ ਕੀਤੀ ਜਾ ਸਕਦੀ ਹੈ। ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ਵੱਲੋ ਜੇਕਰ ਇਹ ਪਾਇਆ ਜਾਂਦਾ ਹੈ ਕਿ ਭਰਤੀ ਕਰਨ ਸਮੇਂ ਸਭਾ ਦੀ ਪ੍ਰਬੰਧਕ ਕਮੇਟੀ ਵੱਲੋ ਐਕਟ, ਰੂਲਾਂ, ਨਿਯਮਾਂ ਅਤੇ ਦਫ਼ਤਰ ਵੱਲੋ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਉਲੰਘਣਾ ਕੀਤੀ ਗਈ ਹੈ ਤਾਂ ਭਰਤੀ ਰੱਦ ਕਰ ਦਿੱਤੀ ਜਾਵੇਗੀ ਅਤੇ ਅਜਿਹਾ ਹੋਣ ਤੇ ਸਭਾ ਦੀ ਪ੍ਰਬੰਧਕ ਕਮੇਟੀ ਅਗਲੇ 5 ਸਾਲਾਂ ਤੱਕ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਕਰਮਚਾਰੀ ਭਰਤੀ ਨਹੀਂ ਕਰ ਸਕੇਗੀ।

9. ਸਭਾ ਦੀ ਪ੍ਰਬੰਧਕ ਕਮੇਟੀ ਵੱਲੋ ਇਹ ਧਿਆਨ ਵਿਚ ਰੱਖਿਆ ਜਾਵੇ ਕਿ ਸਭਾ ਵਿਚ ਰੈਗੂਲਰ ਭਰਤੀ ਤਾਂ ਹੀ ਕੀਤੀ ਜਾਵੇ ਜੇਕਰ ਸਭਾ ਵਿੱਤੀ ਤੌਰ ਤੇ ਕਰਮਚਾਰੀ ਦੀ ਤਨਖਾਹ ਕੱਢਣ ਦੇ ਸਮੱਰਥ ਹੋਵੇ। ਪੰਜਾਬ ਸਰਕਾਰ ਪਾਸੋਂ ਇਸ ਲਈ ਸਭਾ ਨੂੰ ਕੋਈ ਵਿੱਤੀ ਸਹਾਇਤਾ ਨਹੀਂ ਦਿੱਤੀ ਜਾਵੇਗੀ। ਇਸ ਲਈ ਸਭਾ ਦੀ ਪ੍ਰਬੰਧਕ ਕਮੇਟੀ ਵੱਲੋ ਸਭਾ ਦੀ ਵਿੱਤੀ ਹਾਲਤ ਨੂੰ ਮੁੱਖ ਰੱਖਦੇ ਹੋਏ ਸਭਾ ਵਿਚ ਰੈਗੂਲਰ ਕਰਮਚਾਰੀ ਭਰਤੀ ਕਰਨ ਦੀ ਥਾਂ ਜਰੂਰਤ ਅਨੁਸਾਰ ਥੋੜੇ ਸਮੇਂ ਲਈ ਕੁਝ ਕਰਮਚਾਰੀ ਰੱਖ ਲਏ ਜਾਣ।ਘਾਟੇ ਵਾਲੀਆਂ ਸਭਾਵਾਂ ਵਿਚ ਕਿਸੇ ਨਾਲ ਦੀ ਸਭਾ ਵਿਚ ਕੰਮ ਕਰ ਰਹੇਂ ਸਕੱਤਰ ਨੂੰ ਕੁਝ ਮਾਣ ਭੱਤੇ ਤੇ ਘਾਟੇ ਵਾਲੀ ਸਭਾ ਦਾ ਵਾਧੂ ਚਾਰਜ ਦਿੱਤਾ ਜਾ ਸਕਦਾ ਹੈ।

10. According to Section 23(1) of the Punjab Cooperative Societies Act, 1961, the Final Authority in a Cooperative Society shall vest in the General Body of members.

ਇਸ ਲਈ ਉਹ ਪ੍ਰਾਇਮਰੀ ਸਹਿਕਾਰੀ ਸਭਾਵਾਂ ਜਿਨ੍ਹਾਂ ਵਿਚ ਸਰਕਾਰ ਦੀ ਕੋਈ ਵੀ ਹਿੱਸੇਦਾਰੀ/ਗ੍ਰਾਂਟ/ਸਹਾਇਤਾ/ਵਿੱਤੀ ਸਹਾਇਤਾ ਆਦਿ ਨਹੀਂ ਹੈ, ਉਨ੍ਹਾਂ ਸਭਾਵਾਂ ਨੂੰ ਸਭਾ ਦੇ ਹੋਰ ਸਾਰੇ ਕੰਮ-ਕਾਰਾਂ ਲਈ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਦੇ ਦਫ਼ਤਰ ਪਾਸੋਂ ਪ੍ਰਵਾਨਗੀ ਲੈਣ ਦੀ ਜਰੂਰਤ ਨਹੀਂ ਹੋਵੇਗੀ। ਬਸ਼ਰਤੇ ਕਿ ਅਜਿਹਾ ਫੈਸਲਾ ਸਭਾ ਦੀ ਵਿੱਤੀ ਹਾਲਤ ਅਤੇ ਸਭਾ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕੀਤਾ ਗਿਆ ਹੋਵੇ।

ਇਹ ਹਦਾਇਤਾਂ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ।

ਇਹ ਪੱਤਰ ਸਰਕਾਰ ਦੇ ਪੱਤਰ ਮੀਮੋ ਨੰ:Coop-C1070/15/2024-C1(6)/7405 ਮਿਤੀ 21.06.2024 ਰਾਹੀਂ ਪ੍ਰਾਪਤ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

Rajinder

ਵਧੀਕ ਰਜਿਸਟਰਾਰ(ਰਿਣ)

ਪਿੱਠ ਅੰਕਣ ਨੰ: ਰਸਸ/ਰਿਣ-2/ਸੀ.ਈ.ਏ.3/168 ਮਿਤੀ 21/06/2024

ਉਪਰਕੋਤ ਦਾ ਉਤਾਰਾ ਸੁਪਰਡੈਂਟ ਗ੍ਰੇਡ-1, ਸਹਿਕਾਰਤਾ-1 ਸ਼ਾਖਾ, ਸਹਿਕਾਰਤਾ ਵਿਭਾਗ, ਪੰਜਾਬ ਸਰਕਾਰ ਨੂੰ ਉਹਨਾਂ ਦੇ ਪੱਤਰ ਮੀਮੋ ਨੰ:Coop-C1070/15/2024-C1(6)/7405 ਮਿਤੀ 21.06.2024 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

Rajinder

ਵਧੀਕ ਰਜਿਸਟਰਾਰ (ਰਿਣ)

ਪਿੱਠ ਅੰਕਣ ਨੰ: ਰਸਸ/ਰਿਣ-2/ਸੀ.ਈ.ਏ.3/169 ਮਿਤੀ 21/06/2024

ਉਪਰਕੋਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ-

1. ਪ੍ਰਬੰਧ ਨਿਰਦੇਸ਼ਕ, ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:, ਚੰਡੀਗੜ੍ਹ/ ਸਮੂਹ ਪ੍ਰਬੰਧ ਨਿਰਦੇਸ਼ਕ, ਜਿਲ੍ਹਾ ਕੇਂਦਰੀ ਸਹਿਕਾਰੀ ਬੈਂਕ, ਪੰਜਾਬ ਰਾਜ ਵਿਚ।
2. ਸਮੂਹ ਵਧੀਕ ਰਜਿਸਟਰਾਰ/ਸੰਯੁਕਤ ਰਜਿਸਟਰਾਰ/ਉਪ ਰਜਿਸਟਰਾਰ/ਸਹਾਇਕ ਰਜਿਸਟਰਾਰ/ਸੁਪਰਡੈਂਟ, ਮੁੱਖ ਦਫ਼ਤਰ।

Rajinder

ਵਧੀਕ ਰਜਿਸਟਰਾਰ (ਰਿਣ)